# ਪੋਠੋਹਾਰ ਦੀ ਮਿੱਟੀ

"ਵੇ ਵੀਰਾ, ਤੇਰੇ ਬਚੇ ਜੀਣ, ਤੂੰ ਮਿੰਬਰ ਏਂ ?"

"ਮਿੰਬਰ ਸੜਿੰਬਰ ਹੀ ਹੋਸੀ, ਉਂਜੇ ਤੇ ਨਹੀਂ ਸਿਰ ਤੇ ਰੇਜਾ ਵਲ੍ਹੇਟਿਆ ਹੋਇਆ।"

"ਪਾਰੋ, ਤੇਰਾ ਇਹੋ ਪਿਟਣਾ ਏ, ਧੀਰਜ ਨਾਲ ਤੂੰ ਗਲ ਨਹੀਂ ਸੁਣਨ ਕਰਣ ਦਿੰਦੀ।"

"ਜਾ ਨੀਂ ਜਾ ਸਾਨੂੰ ਨਹੀਂ ਬਹੁੰ ਲਲੋਂ-ਪਤੀਆਂ ਆਉਂਦੀਆਂ," 'ਵੇ ਵੀਰਾ ਤੇਰੇ ਬਚੇ ਜੀਣ।'

"ਇਸ ਦੇ ਬਚੇ ਅਸਮਾਨੋਂ ਲਥੇ ਹੋਣਗੇ।"

"ਕਿਉਂ ਨੀ ਕਿਉਂ, ਜਿਸ ਕੋਲ ਕੰਮ ਵਾਸਤੇ ਆਈਏ, ਉਸਨੂੰ ਵੀਰ ਕਰਕੇ ਵੀ ਨਾ ਬੁਲਾਈਏ, ਹਰ ਇਕ ਦੇ ਬਚੇ ਜੀਣ, ਬਚਿਆਂ ਦੀ ਖ਼ੈਰ ਮੰਗਣੀਂ ਚਾਹੀਦੀ ਹੈ।"

"ਬਸ ਨੀਂ ਬਸ, ਵਡੀ ਹੁਸ਼ਨਾਕ, ਕਿਉਂ ਇਸ ਦੇ ਬੱਚੇ ਜੀਣ ਤੇ ਸਾਡੇ ਭੁਖੇ ਮਰਨ, ਅਸਾਂ ਵਿਡੋਂ ਨਹੀਂ ਕਢੇ ਹੋਏ।"

“ਫਿਰ ਵੀ ਪਾਰੋ, ਸਰਬਤ ਦਾ ਭਲਾ ਆਪਨਾ ਭਲਾ ।”

“ਮੈਂ ਤੇ ਹਿਕਾ ਗਲ ਜਾਣਨੀਂ ਆਂ, “ਜੇਹੜਾ ਮੰਨੇ ਆਪ ਨੂੰ ਉਸਦੇ ਮਨਾਈਏ ਬਾਪ ਨੂੰ ।”

“ਇਨ੍ਹਾਂ ਸਾਡਾ ਬਣਾਇਆ ਕੇ ਏ ਜੇ ਇਨ੍ਹਾਂ ਦੀਆਂ ਖ਼ੁਸ਼ਾਮਤਾਂ ਕਰੀਏ ।”

“ਖ਼ੁਸ਼ਾਮਤਾਂ ਦੀ ਗਲ ਨਹੀਂ ਪਾਰੋ, ਕਿਸੇ ਅਗੇ ਸ਼ਾਂਤੀ ਨਾਲ ਆਪਨਾ ਦੁਖ ਦਸਾਂਗੀਆਂ ਤੇ ਤਾਂ ਹੀ ਉਹ ਅਗੇ ਸਰਕਾਰ ਤਕ ਪਹੁੰਚਾਏਗਾ ਨਾ ।”

“ਹਾਂ ਸਰਕਾਰ ਅੰਨ੍ਹੀਂ ਬੋਲੀ ਹੋਸੀ, ਹੇ ਦੁਨੀਆਂ ਉਲਟ ਪੁਲਟ ਹੋ ਗਈ ਏ, ਅਜੇ ਸਰਕਾਰ ਨੂੰ ਪਤਾ ਹੀ ਨਹੀਂ, ਅਛਾ ‘ਰਬ ਰਜਾਈਏ’ ਬੇਸ਼ਕ ਦੁਖ ਦਸ, ਪਰ ਤੇਰੇ ਇਹ ਖੇਖਣ ਮੈਨੂੰ ਪਸੰਦ ਨਹੀਂ, ਜਿਥੇ ਜਾਈਏ, ਮਰਾਸਣਾਂ ਵਾਂਗ ‘ਤੇਰੇ ਬਚੇ ਜੀਣ, ਤੇਰੇ ਬਚੇ ਜੀਣ’ ਦੀਆਂ ਕਲਯਾਨਾਂ ਪਈਆਂ ਕਈਏ ।”

“ਫਿਰ ਤੈਂਡੀ ਸਲਾਹ ਕਿ ਵੇ ?”

“ਸਲਾਹ ਕੇ ਏ, ਇਨ੍ਹਾਂ ਬਚੇ ਪਿ......ਨੇ ਕੋਈ......”

ਵਿਚੋਂ ਹੀ ਟੋਕ ਕੇ ਰਬ ਰਜਾਈ ਨੇ ਕਿਹਾ, “ਪਾਰੋ ਤੇਰੀ ਅਕਲ ਨੂੰ ਕੀ ਹੋ ਗਿਐ,ਕੇ ਪਈ ਮੂੰਹੋਂ ਕਢਨੀਂ ਏ ਸੁਖ ਨਾਲ।”

‘ਸੁਖ ਨਾਲ, ਸੁਖ ਨਾਲ’ ਦੰਦ ਕਰੀਚ ਕੇ ਦੋ ਵਾਰੀ ਪਾਰੋ ਨੇ ਆਖਿਆ ਤੇ ਨਾਲ ਹੀ ਦੋ-ਹਥੜ ਪਿਟਣਾਂ ਸ਼ੁਰੂ ਕਰ ਦਿਤਾ। ਰਬ ਰਜਾਈ ਨੇ ਪਾਰੋ ਦੇ ਹਥ ਪਕੜ ਲਏ, ਓਹ ਖਿਸਆਣੀਂ ਬਿਲੀ ਵਾਂਗ ਨਹੁੰਦਰਾਂ ਮਾਰਦੀ ਗਈ। ਦੋ ਚਾਰ ਹੋਰ ਜ਼ਨਾਨੀਆਂ ਨੇ ਪਾਰੋ ਵਾਂਗ ਹੀ ਹੌਲੀ ਹੌਲੀ ਪਿਟਣਾਂ ਸ਼ੁਰੂ ਕਰ ਦਿਤਾ। ਇਕ ਜਥਾ ਜਨਾਨੀਆਂ ਦਾ ਹੋਰ ਆ ਗਿਆ।

ਨੰਬਰ ਤਾਂ ਹੁਣ ਚੇਤੇ ਨਹੀਂ ਆਉਂਦਾ, ਖ਼ੈਰ ਨੰਬਰ ਤੋਂ ਲੈਣਾ ਵੀ ਕੀ ਏ। ਨਵੀਂ ਦਿਲੀ, ਫਿਰੋਜ਼ ਸ਼ਾਹ ਰੋਡ ਤੇ ਕਰਜ਼ਨ ਰੋਡ ਜਿਥੇ ਮਿਲਦੀਆਂ ਹਨ, ਚਕਰ ਦੇ ਨਾਲ ਵਧਵੇਂ ਪਾਸੇ ਕੋਈ ਦੂਜਾ ਬੰਗਲਾ ਹੈ। ਇਹ ਬੰਗਲੇ ਕੇਂਦਰੀ ਸਰਕਾਰ ਨੇ ਕਾਨੂੰਨ-ਘੜਨੀ ਕੌਂਸਲ ਦੇ ਮੈਂਬਰਾਂ ਦੇ ਰਹਿਣ ਲਈ ਬਣਵਾਏ ਹੋਏ ਹਨ। ਇਥੇ ਅਜ ਚੰਗੀ ਭੀੜ ਜਹੀ ਲਗੀ ਹੋਈ ਹੈ। ਉਂਵ ਕੁਝ ਨਾ ਕੁਝ ਭੀੜ ਤਾਂ ਇਥੇ ਰੋਜ਼ ਹੀ ਰਹਿੰਦੀ ਹੈ, ਪਰ ਅਜ ਰੌਲਾ ਸੁਣਕੇ ਰੋਜ਼ਗਾਰ ਦੀ ਖੋਜ ਵਿਚ ਵੇਹਲੇ ਪੈਦਲ ਸੜਕ ਤੇ ਫਿਰਦੇ ਸਾਰੇ ਲੋਕ ਇਥੇ ਜਮਾਂ ਹੋਂਦੇ ਜਾਂਦੇ ਜਾਪਦੇ ਹਨ। ਅਜੇਹੇ ਬਦ-ਨਸੀਬਾਂ ਦੀ ਅਜਕਲ ਦਿਲੀ ਵਿਚ ਕਮੀਂ ਨਹੀਂ।

ਇਸ ਬੰਗਲੇ ਵਿਚ ਰਹਿਣ ਵਾਲਾ ਮੈਂਬਰ ਮਹੇਸ਼ਰ ਸਿੰਘ ਅਸੈਂਬਲੀ ਦੇ ਕਾਗਜ਼ ਕਛ ਵਿਚ ਮਾਰੀ ਅੰਦਰੋਂ ਬਾਹਰ ਨਿਕ-ਲਿਆ ਹੀ ਸੀ ਕਿ ਕਿੰਗਸਵੇ ਕੈਂਪ ਦੀਆਂ ਸ਼ਰਨਾਰਥੀ ਵਿਧਵਾ ਜ਼ਨਾਨੀਆਂ ਦੇ ਘੇਰੇ ਵਿਚ ਆ ਗਿਆ। ਪਾਰੋ ਤੇ ਰਬ ਰਜਾਈ ਦੀਆਂ ਗਲਾਂ ਓਹ ਸ਼ਾਂਤੀ ਨਾਲ ਸੁਣ ਰਿਹਾ ਸੀ ਪਰ ਪਾਰੋ ਤੇ ਹੋਰ ਜਨਾਨੀਆਂ ਦੇ ਪਿਟ-ਕਰੁੱਟਾ ਪਾਣ ਨਾਲ ਇਕੱਠ ਬਹੁਤ ਹੋ ਗਿਆ।

ਸਰਦਾਰ ਮਹੇਸ਼ਰ ਸਿੰਘ ਨੇ ਕਿਹਾ, "ਮੈਂ ਗਲ ਸਾਰੀ ਸਮਝ ਲਈ ਹੈ। ਹੁਣ ਮੈਨੂੰ ਜਾਣ ਦਿਓ, ਮੈਂ ਅਜ ਅਸੈਂਬਲੀ ਵਿਚ ਵੇਲੇ ਸਿਰ ਪੁਜਣਾ ਚਾਹੁੰਦਾ ਹਾਂ। ਪਹਿਲਾ ਘੰਟਾ ਸਵਾਲਾਂ ਦਾ ਹੁੰਦਾ ਹੈ ਤੇ ਮੇਰੇ ਅਜ ਸ਼ਰਨਾਰਥੀਆਂ ਬਾਰੇ ਹੀ ਸਵਾਲ ਹਨ, ਜਿਨ੍ਹਾਂ ਦੇ ਉਤ੍ਰ ਮੁੜ ਵਸਾਊ ਮਹਿਕਮੇਂ ਦੇ ਵਜ਼ੀਰ ਨੇ ਅਸੈਂਬਲੀ ਵਿਚ ਦੇਣੇ ਹਨ। ਜੇ ਮੈਂ ਵੇਲੇ ਸਿਰ ਨਾ ਪੁਜਾ ਤਾਂ ਸਵਾਲ ਪੁਛੇ

ਨਹੀਂ ਜਾ ਸਕਦੇ। ਮੈਨੂੰ ਜਾਣ ਦਿਓ।"

"ਤੁਹਾਡੇ ਸਵਾਲਾਂ ਨੇ ਅਜ ਤਕ ਕੁਝ ਨਹੀਂ ਸਵਾਰਿਆ, ਸਰਕਾਰ ਦੀ ਨੀਯਤ ਹੀ ਸ਼ਰਨਾਰਥੀਆਂ ਨੂੰ ਵਸਾਉਣ ਦੀ ਨਹੀਂ।" ਮਜਮੇਂ ਵਿਚੋਂ ਆਵਾਜ਼ਾਂ ਉਠੀਆਂ ਸੁਣ ਕੇ ਵਿਧਵਾ ਜ਼ਨਾਨੀਆਂ ਹੋਰ ਮੱਛਰ ਗਈਆਂ।

"ਅਸੀਂ ਤੇਰੇ ਬੂਹੇ ਅਗੇ ਭੁਖ ਹੜਤਾਲ ਕਰਕੇ ਮਰ ਜਾਵਾਂਗੀਆਂ।"

ਉਚੀਆਂ ਅਵਾਜ਼ਾਂ ਨੇ ਅਸਮਾਨ ਗੁੰਜਾ ਦਿਤਾ।

ਰਬ ਰਜਾਈ ਜੇਹੜੀ ਆਰੰਭ ਵਿਚ ਪਾਰੋ ਤੇ ਦੂਜੀਆਂ ਨੂੰ ਸਮਝਾਂਦੀ ਸੀ ਕਿ ਧੀਰਜ ਨਾਲ ਗਲ ਕਰੋ, ਹੁਣ ਉਹ ਸਗੋਂ ਵਧ ਚੜ੍ਹਕੇ ਰੌਲੇ ਵਿਚ ਸ਼ਾਮਲ ਹੋ ਗਈ। ਸ: ਮਹੇਸ਼ਰ ਸਿੰਘ ਨੇ ਜ਼ਰਾ ਗੁੱਸੇ ਜਹੇ ਦੇ ਲਹਿਜੇ ਵਿਚ ਰਬ ਰਜਾਈ ਨੂੰ ਝਾੜ ਪਾਂਦਿਆਂ ਕਿਹਾ, "ਹੁਣ ਤੂੰ ਵੀ ਰੌਲੇ ਵਿਚ ਸ਼ਾਮਲ ਹੋ ਗਈ ਏਂ।"

"ਰਬ ਰਜਾਈਏ, ਹੋ ਹੁਣ ਅਗੇ, ਦੇ ਹੋਰ ਬਚੇ ਜੀਣ ਦੀਆਂ ਅਸੀਸਾਂ, ਮੈਂ ਨਹੀਂ ਆਖਦੀ ਸਾਂ ਇਹ ਸਾਰੇ ਮੈਂਬਰ ਸੜੈਂਬਰ ਤੇ ਸਰਕਾਰ ਵਿਚੋਂ ਇਕੋ ਹੀ ਹਨ।" ਪਾਰੋ ਨੇ ਰਬ ਰਜਾਈ ਨੂੰ ਝਾੜ ਪੈਂਦੀ ਵੇਖ ਕੇ ਆਖਿਆ।

ਮਹੇਸ਼ਰ ਸਿੰਘ ਨੇ ਕਿਹਾ, "ਇਹ ਸਰਕਾਰ ਵੀ ਆਪਣੀ ਹੀ ਹੈ, ਇਸਨੂੰ ਭੰਡਣਾ ਨਹੀਂ ਚਾਹੀਦਾ।"

ਰਬ ਰਜਾਈ ਬੋਲੀ, "ਮੈਂਡਾ ਤੇ ਉੱਕਾ ਭੰਡਣ ਦਾ ਖ਼ਿਆਲ ਨਹੀਂ ਪਰ ਅਫ਼ਸੋਸ ਜ਼ਰੂਰ ਆਂਦਾ ਹੈ। ਸਾਡੇ ਪੰਡਤ ਜਵਾਹਰ ਲਾਲ ਜੀ ਇਕ ਵੇਰ ਰਾਵਲਪਿੰਡੀ ਗਏ। ਕੰਪਨੀ ਬਾਗ ਵਿਚ ਜਲਸਾ ਹੋਇਆ, ਚੋਣਾਂ ਲਈ ਚੰਦੇ ਵਾਸਤੇ ਅਪੀਲ ਹੋਈ ਤਾਂ ਮੈਂ ਆਪਣਾ ਕੜਾ ਲਾ ਕੇ ਦੇ ਦਿਤਾ। ਵੇਖੋ ਵੇਖੀ ਹੋਰ ਵੀ ਕੁੜੀਆਂ

ਨੇ ਗਹਿਣੇ ਲਾਹ ਦਿਤੇ ਤੇ ਹੁਣ ਸਾਨੂੰ ਪੰਡਤ ਹੋਰੀ ਪੁਛਦੇ ਵੀ ਨਹੀਂ।"

ਬੋਲਦੀ ਬੋਲਦੀ ਦਾ ਗਚ ਭਰ ਗਿਆ। ਕਾਂਵਾਂ ਰੌਲੀ ਵਿਚ ਗਿਲਿਆਂ ਦੀ ਭਰਮਾਰ ਲਗ ਗਈ। ਸ: ਮਹੇਸ਼ਰ ਸਿੰਘ ਕਾਗਜ਼ ਜਮੀਨ ਤੇ ਰਖ ਕੇ ਘਾਹ ਤੇ ਹੀ ਬਹਿ ਗਿਆ।

"ਹੁਣ ਤੇ ਸੁਆਲਾਂ ਦਾ ਵਕਤ ਹੀ ਲੰਘ ਗਿਆ ਏ।"

ਸ: ਮਹੇਸ਼ਰ ਸਿੰਘ ਦੀ ਗਲ ਸੁਣਕੇ ਪਾਰੋ ਨੇ 'ਚੰਗਾ ਹੋਇਆ' ਦਾ ਸ਼ਬਦ ਕੁਝ ਅਜੇਹੇ ਲਹਿਜੇ ਵਿਚ ਆਖਿਆ ਕਿ ਸਾਰਿਆਂ ਦਾ ਹਾਸਾ ਨਿਕਲ ਗਿਆ।

"ਕਮਲੀਏ; ਸੁਆਲਾਂ ਦਾ ਖ਼ਬਰੇ ਕੁਝ ਫਾਇਦਾ ਹੀ ਹੋ ਜਾਂਦਾ ਸਰਕਾਰ ਦੇ ਕੰਨ ਖੁਲ੍ਹਦੇ।" ਇਕੱਠ ਵਿਚ ਖੜੇ ਇਕ ਆਦਮੀ ਦੇ ਮੂੰਹੋਂ ਇਹ ਸ਼ਬਦ ਸੁਣਕੇ ਸ: ਮਹੇਸ਼ਰ ਸਿੰਘ ਨੇ ਕਿਹਾ, "ਵੇਖੋ, ਸਰਕਾਰ ਕਰੋੜਾਂ ਰੁਪਏ ਸ਼ਰਨਾਰਥੀਆਂ ਤੇ ਖਰਚ ਕਰ ਰਹੀ ਏ। ਦੁਖੀਆਂ ਦੇ ਦੁਖ ਸੁਣ ਕੇ ਮੈਂ ਆਪ ਕਈ ਵੇਰਾਂ ਪੰਡਤ ਜੀ ਦੀਆਂ ਅੱਖਾਂ ਨੂੰ ਤਰ ਵੇਖਿਆ ਏ। ੧੯੪੭ ਵਿਚ ਮਾਰਚ ਦੇ ਮਹੀਨੇ ਜਦ ਪਹਿਲਾਂ ਰਾਵਲਪਿੰਡੀ ਦਾ ਇਲਾਕਾ ਮਾਰਿਆ ਗਿਆ; ਪੰਡਤ ਜੀ ਹਵਾਈ ਜਹਾਜ਼ ਵਿਚ ਰਾਵਲਪਿੰਡੀ ਪੁਜੇ ਸਨ। ਮੈਂ ਉਨ੍ਹਾਂ ਦੇ ਨਾਲ ਸਾਂ। ਉਥੋਂ ਦਾ ਭਿਆਨਕ ਦ੍ਰਿਸ਼ ਵੇਖ ਕੇ ਜੋ ਅਸਰ ਹੋਇਆ, ਉਨ੍ਹਾਂ ਦੇ ਚੇਹਰਿਓਂ ਪਿਆ ਦਿਸਦਾ ਸੀ। ਤੁਸੀਂ ਹੁਣ ਸ਼ਾਂਤੀ ਤੋਂ......"

ਰਬ ਰਜਾਈ ਨੇ ਗਲ ਪੂਰੀ ਨਾ ਹੋਣ ਦਿਤੀ; ਵਿਚੋਂ ਹੀ ਆਖਣ ਲਗ ਪਈ, "ਵੀਰ ਜੀ, ਸਾਨੂੰ ਹੁਣ ਉਪਦੇਸ਼ਾਂ ਦੀ ਲੋੜ ਨਹੀਂ। ਪੰਡਤ ਜੀ ਚੰਗੇ ਹਨ, ਹਮਦਰਦ ਹਨ। ਮੇਰਾ ਇਹ ਆਖਣਾ ਕਿ ਪੰਡਤ ਜੀ ਹੁਣ ਸਾਨੂੰ ਪੁਛਦੇ ਵੀ ਨਹੀਂ ਇਹ ਦੁਖੀ ਦਿਲਾਂ ਦੇ

ਉਬਾਲ ਹਨ, ਸਾਡੇ ਲਫ਼ਜ਼ਾਂ ਵਲ ਨਾ ਜਾਓ ਵੀਰ ਜੀ, ਸਾਡਾ ਭਾਵ ਸਮਝੋ। ਕੈਂਪ ਦਾ ਰਾਸ਼ਨ ਬੰਦ ਹੋਗਿਆ ਹੈ। ਸਾਡੇ ਵਿਚੋਂ ਜਿਨ੍ਹਾਂ ਦਾ ਕਮਾਣ ਵਾਲਾ ਬਾਲਕ ਨਹੀਂ ਰਿਹਾ, ਉਨ੍ਹਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਨਿਕੇ ਨਿਕੇ ਮੁੰਡੇ ਕੁੜੀਆਂ ਸਿਰਫ ਭੁਖੇ ਹੀ ਨਹੀਂ ਮਰ ਰਹੇ, ਓਹ ਵਿਦਿਆ ਤੋਂ ਬਿਨਾਂ ਲੰਡਰ ਵੀ ਹੋ ਰਹੇ ਹਨ। ਅਸੀਂ ਰੋਟੀ ਤੇ ਇਜ਼ਤ ਮੰਗਦੀਆਂ ਹਾਂ, ਤੁਸੀਂ ਸ਼ਾਂਤੀ ਦਾ ਉਪਦੇਸ਼ ਦੇਂਦੇ ਹੋ। ਇਸ ਵੇਲੇ ਸਾਡੀ ਇਕੋ ਮੰਗ ਹੈ, ਸਾਨੂੰ ਇਕ ਵੇਰ ਪੰਡਤ ਜੀ ਪਾਸ ਲੈ ਚਲੋ, ਅਸੀਂ ਆਪ ਜਾ ਕੇ ਉਨ੍ਹਾਂ ਨੂੰ ਆਪਣੇ ਦੁਖ ਦਸਣਾ ਚਾਹੁੰਦੀਆਂ ਹਾਂ।"

"ਠੀਕ ਹੈ, ਤੁਹਾਡੇ ਪਾਸੋਂ ਬਚਿਆਂ ਦੀਆਂ ਗਾਲ੍ਹਾਂ ਕਢਵਾਉਣ ਲਈ ਤੁਹਾਨੂੰ ਪੰਡਤ ਜੀ ਪਾਸ ਲੈ ਚਲਣਾ।"

ਰਬ ਰਜਾਈ ਦੇ ਕੰਨਾਂ ਨੇ ਇਹ ਅਵਾਜ਼ ਹੈਰਾਨਗੀ ਨਾਲ ਸੁਣੀਂ।

"ਭਰਜਾਈ ਜੀ, ਤੁਸੀਂ ਤੇ ਮੈਂ ਸੁਣਿਆ ਹੈ ਸ਼ਰਨਾਰਥੀਆਂ ਦੇ ਕੰਮਾਂ ਵਿਚ ਕਦੇ ਭਾਨੀ ਨਹੀਂ ਮਾਰੀ।"

"ਤਾਂ ਹੀ ਤੇ ਸਵੇਰੇ ਸਵੇਰੇ ਬਚੇ ਪੁਣਵਾਏ ਹਨ ਕੇ।"

ਸ: ਮਹੇਸ਼ਰ ਸਿੰਘ ਦੀ ਘਰ ਵਾਲੀ ਨੇ ਰਬ ਰਜਾਈ ਦੀ ਗਲ ਦਾ ਉਤਰ ਕੁਝ ਔਖੀ ਜਹੀ ਬੇ-ਰੁਖੀ ਨਾਲ ਦਿਤਾ।

"ਨਹੀਂ ਭਰਜਾਈ ਜੀ ਤੁਸੀਂ ਵੀਰ ਜੀ ਨੂੰ ਅਜ ਜ਼ਰੂਰ ਸਾਡੇ ਨਾਲ ਜਾਣ ਲਈ ਆਖੋ।

"ਬੇਸ਼ਕ ਜਾਣ, ਪਰ ਰਬ ਰਜਾਈਏ, ਤੇਰੇ ਨਾਲ ਦੀਆਂ ਦੀ ਜਬਾਨ ਬੜੀ ਲੰਮੀਂ ਹੈ, ਇਹ......" ਬਾਕੀ ਗਲ ਹਾਲੇ ਸ੍ਰੀ ਮਤੀ ਮਹੇਸ਼ਰ ਸਿੰਘ ਦੇ ਮੂੰਹ ਵਿਚ ਹੀ ਸੀ ਕਿ ਇਕ ਜਵਾਨ ਜਹੀ ਬੀਬੀ ਨੇ ਅਗ-ਭਬੂਕਾ ਹੋ ਕੇ ਕਿਹਾ, "ਇਸ ਦਾ ਵੀ ਖਸਮ ਉਥੇ

ਮ......ਦਾ......ਤਾਂ ਇਹ ਸਾਡੀਆਂ ਜਬਾਨਾਂ ਨਾ ਪੜਤਾਲਦੀ......"

ਰਬ ਰਜਾਈ ਨੇ ਦੋਹਾਂ ਹਥਾਂ ਨਾਲ ਇਸ ਜਵਾਨ ਕੁੜੀ ਦਾ ਮੂੰਹ ਪਕਾ ਮੀਟ ਲਿਆ ਤੇ ਜ਼ੋਰ ਦਾ ਆਖਿਆ, "ਇਹ ਕੁੜੀਆਂ ਤੇ ਪਾਰੋ ਸਾਨੂੰ ਕਿਸੇ ਬੰਨੇ ਨਹੀਂ ਲਗਣ ਦੇਣਗੀਆ; ਇਹ ਬੜੀਆਂ ਹੀ ਬੋਲ ਵਿਗਾੜ ਹਨ।"

ਪਾਰੋ ਫਿਰ ਵੀ ਆਖਦੀ ਗਈ, "ਕੁੜੀ ਨੇ ਠੀਕ ਕਿਹਾ ਏ।" ਸ੍ਰੀ ਮਤੀ ਮਹੇਸ਼ਰ ਸਿੰਘ ਇਸ ਕੁੜੀ ਤੇ ਪਾਰੋ ਦੀਆਂ ਗਲਾਂ ਸੁਣਕੇ ਕੁਝ ਆਖਣਾ ਚਾਹੁੰਦੀ ਸੀ ਪਰ ਸਰਦਾਰ ਜੀ ਦੀ ਸੈਨਤ ਸਮਝ ਕੇ ਚੁਪ ਹੋ ਗਈ। ਨਾਲੇ ਓਹ ਇਹ ਵੀ ਤਾੜ ਗਈ ਕਿ ਮਜਮੇਂ ਵਿਚ ਵੀ ਉਨ੍ਹਾਂ ਦੋਹਾਂ ਕੁੜੀਆਂ ਦੀ ਗਲ ਨੂੰ ਪਸੰਦ ਨਹੀਂ ਕੀਤਾ ਗਿਆ।

ਰਬ ਰਜਾਈ ਦੇ ਫਿਰ ਤਰਲਾ ਲੈਣ ਤੇ ਸ੍ਰੀਮਤੀ ਮਹੇਸ਼ਰ ਸਿੰਘ ਨੇ ਬੜੀ ਹਮਦਰਦੀ ਭਰੇ ਲਹਿਜੇ ਵਿਚ ਬੜੀ ਗੰਭੀਰਤਾ ਨਾਲ ਕਿਹਾ, "ਰਬ ਰਜਾਈਏ, ਪੁਤਰ ਪੁਣਨੇ ਤਾਂ ਕੋਈ ਇਲਾਜ ਨਹੀਂ, ਭਾਵੇਂ ਨਹਿਰੂ ਪਾਸ ਜਾਓ ਜਾਂ ਪਟੇਲ ਸਰਦਾਰ ਦੇ ਤੇ ਜਾਂ ਸਕਸੈਨਾਂ (ਮੁੜ ਵਸਾਊ ਵਜ਼ੀਰ) ਪਾਸ। ਗਲ ਹਮੇਸ਼ਾਂ ਗੰਭੀਰਤਾ ਨਾਲ ਹੀ ਕਰਨੀ ਚਾਹੀਦੀ ਹੈ, ਤੈਨੂੰ ਆਪ ਗਲ ਕਰਨ ਦੀ ਚੰਗੀ ਜਾਚ ਏ ਪਰ ਜਾਪਦਾ ਹੈ ਕਿ ਤੇਰੀ ਲੀਡਰੀ ਖ਼ਤਰੇ ਵਿਚ ਪੈਂਦੀ ਹੋਵੇ ਤੇ ਤੂੰ ਵੀ ਇਨ੍ਹਾਂ ਨਾਲ ਹੀ ਵਗ ਤੁਰਦੀ ਏਂ।"

ਕੁੜੀ ਤੇ ਪਾਰੋ ਬੁੜ ਬੁੜ ਕਰਦੀਆਂ ਰਹੀਆਂ।

: ੩ :

ਕਿੰਗਸਵੇ ਕੈਂਪ ਵਿਚ ਵੜਨ ਲਈ ਵਡੇ ਰਸਤੇ ਦੇ ਸਾਹਮਣੇ ਇਕ ਖੁਲ੍ਹੇ ਕਚੇ ਬਰਾਂਡੇ ਵਿਚ ਕੋਈ ਵੀਹ ਪੰਜੀ ਬੀਬੀਆਂ

ਲੰਮੀਆਂ ਪਈਆਂ ਸਨ ਤੇ ਦੋ, ਚਾਰ ਬੀਬੀਆਂ ਵਾਰੀ ਵਾਰੀ ਇਨ੍ਹਾਂ ਨੂੰ ਪੱਖਾ ਝਲ ਰਹੀਆਂ ਸਨ। ਭੁਖ-ਹੜਤਾਲ ਦਾ ਪੰਦ੍ਰਵਾਂ ਦਿਨ ਸੀ। ਅਜ ਐਲਾਨ ਹੋ ਗਿਆ ਸੀ ਕਿ ਅਗੇ ਤੋਂ ਪਾਣੀ ਵੀ ਛਡਿਆ।

ਸ: ਮਹੇਸ਼ਰ ਸਿੰਘ ਝਕਦਾ ਝਕਦਾ ਬਰਾਂਡੇ ਵਿਚ ਵੜਿਆ, ਬਰਾਂਡੇ ਦੀ ਦਬਵੀਂ ਬੇਚੈਨੀ ਇਨ੍ਹਾਂ ਆਵਾਜ਼ਾਂ ਵਿਚ ਬਦਲ ਗਈ:

"ਨਿਜ ਇਹ ਅਜ਼ਾਦੀ ਮਿਲਦੀ, ਇਨ੍ਹਾਂ ਨਾਲੋਂ ਅੰਗਰੇਜ਼ ਹੀ ਚੰਗੇ ਸਨ। ਮੈਂ ਬੂਹੇ ਬੂਹੇ ਤੇ ਸਿਆਪੇ ਕਰਵਾਸਾਂ, ਬਿਬਾਣ ਕਢਵਾਸਾਂ।"

"ਮੈਂ ਵੀ ਸਵਾਇਆਂ ਦਾ ਪਾਣੀ ਪੀਤਾ ਹੋਇਆ ਏ।"

"ਜਿਧਰ ਗਈਆਂ ਬੇੜੀਆਂ ਉਧਰ ਗਏ ਮਲਾਹ, ਅਸਾਂ ਬੇਖਸਮੀਆਂ ਨੇ ਹੁਣ ਜੀ ਕੇ ਵੀ ਕੇ ਕਰਨੈਂ, ਮੈਂ ਤੇ ਧਨੀ ਦੀ ਲਾਜ ਰਖ ਵਖੇਸਾਂ।"

"ਤੇ ਮੈਂ ਵੀ ਪੋਠੋਹਾਰ ਦੀ ਮਿੱਟੀ ਵਿਚੋਂ ਜੰਮੀ ਹਾਂ ਧਨੀ ਸੁਹਾਂ ਵਾਲੇ ਸਾਨੂੰ ਸੋਹਲ ਸਮਝਦੇ ਹਨ, ਪਰ ਥੋਹੇ ਖਾਲਸੇ, ਦੁਭੇਰਨ ਤੇ ਬੇਵਲ ਆਦਿ ਗਿਰਾਵਾਂ ਦੀਆਂ ਮੁਟਿਆਰਾਂ ਨੇ ਆਪਣੇ ਸਤ ਬਚਾਉਣ ਲਈ ਖੂਹਾਂ ਵਿਚ ਛਾਲਾਂ ਮਾਰ ਕੇ ਸਾਬਤ ਕਰ ਦਿਤਾ ਏ ਕਿ ਪੋਠੋਹਾਰਣਾਂ ਕਿਸ ਮਿਟੀ ਦੀਆਂ ਬਣੀਆਂ ਹੋਈਆਂ ਹਨ, ਹਿਕ ਵਾਰੀ ਮਰਣਾ ਤੇ ਫਿਰ ਕੇ ਡਰਣਾ।"

ਬਾਰ ਦੀਆਂ ਬੂਰੀਆਂ ਚੁੰਘ ਚੁੰਘ ਪਲੀ ਕੇ ਪ੍ਰਸੰਨੋਂ ਨੂੰ ਵੀ ਹਠ ਵਿਰਸੇ ਵਿਚ ਮਿਲਿਆ ਹੈ। ਉਹ ਬੋਲੀ, "ਸੋਨੇ ਦੀਆਂ ਖਾਨਾਂ ਅਸਾਂ ਛਡੀਆਂ, ਇਨ੍ਹਾਂ ਸਾਨੂੰ ਦੇਣਾ ਵੀ ਕੀ ਹੈ? ਬਸ ਹੁਣ ਤੇ ਮਰ ਜਾਣ ਵਿਚ ਹੀ ਸੁਖ ਹੈ। ਜੰਗਲਾਂ ਤੇ ਬੰਜਰਾਂ ਨੂੰ ਸੋਨੇ ਦੀਆਂ ਖਾਨਾਂ ਬਨਾਉਣ ਲਈ ਧੁਪ ਪਾਣੀ ਇਕ ਕਰਨ ਵਾਲੇ ਸਾਡੇ ਵਡਿਆਂ

ਕੀ ਕੇ ਪਤਾ ਸੀ ਕੇ ਇਹ ਗਲ ਹੋਊ, ਹਾ.........ਏ।"

ਮੈਂ ਵੀ ਪਠਾਣੀ ਦਾ ਦੁਧ ਪੀਤਾ ਹੈ।

"ਭੁਖ ਹੜਤਾਲਣਾਂ" ਇਕ ਪੱਖਾ ਝਲ ਰਹੀ ਬੀਵੀ ਦੇ ਮੂੰਹੋਂ ਇਹ ਸ਼ਬਦ ਨਿਕਲਣ ਦੀ ਦੇਰ ਸੀ, 'ਜ਼ਿੰਦਾਬਾਦ' ਦੀ ਆਵਾਜ਼ ਹਰ ਪਾਸਿਉਂ ਆਈ। ਨਾਹਰਿਆਂ ਨਾਲ ਕੈਂਪ ਗੂੰਜ ਪਿਆ।

ਸ: ਮਹੇਸ਼ਰ ਸਿੰਘ ਨੂੰ ਆਪਣੀ ਕਰਨੀ ਵਾਲੀ ਕਥਨੀ ਤੇ ਬੜਾ ਮਾਣ ਸੀ। ਉਹ ਸ਼ਰਨਾਰਥੀਆਂ ਵਿਚ ਕੁਝ ਨੇਕ ਨਾਮ ਵੀ ਸੀ ਤੇ ਸੋਚਦਾ ਸੀ ਕਿ ਭੁਖ ਹੜਤਾਲਾਂ ਦੇ ਨੁਕਸਾਨਾਂ ਸਬੰਧੀ ਆਪਣੇ ਜੇਲ੍ਹ ਦੇ ਤਜਰਬੇ ਦਸ ਕੇ ਉਹ ਹੜਤਾਲ ਤੁੜਾਉਣ ਵਿਚ ਸਫਲ ਹੋ ਜਾਵੇਗਾ। ਆਪਣੇ ਇਸ ਨਿਸਚੇ ਦਾ ਰਸਤੇ ਵਿਚ ਨਾਲ ਆ ਰਹੀ ਲੇਡੀ ਡਾਕਟਰ ਨਾਲ ਉਸ ਜ਼ਿਕਰ ਵੀ ਕੀਤਾ ਸੀ। ਪਰ ਇਥੋਂ ਦੀ ਹਵਾ ਵੇਖ ਕੇ ਤੇ ਭੁਖ ਹੜਤਾਲਣਾਂ ਵਿਚ ਪੰਦਰਾਂ ਦਿਨ ਦੀ ਭੁਖ ਹੜਤਾਲ ਪਿਛੋਂ ਵੀ ਇਤਨਾ ਜੋਸ਼ ਵੇਖ ਕੇ ਕੁਝ ਘਬਰਾ ਜਿਹਾ ਗਿਆ। ਦਲੀਲਾਂ ਉਪਦੇਸ਼ਾਂ ਦਾ ਰਸਤਾ ਛਡ ਕੇ ਉਸ ਨੇ ਉਚੀ ਸਾਰੀ ਇਕੋ ਗਲ ਪੁਛੀ:

"ਦਸੋ ਤੁਹਾਡੀ ਆਖ਼ਰੀ ਮੰਗ ਕੀ ਹੈ?"

"ਆਖ਼ਰੀ ਮੰਗ!......"ਇਕ ਅਵਾਜ਼।

"ਹਾਂ।"

"ਬਸ ਇਸ ਸਰਕਾਰ ਨੂੰ ਬਦਲ ਦਿਓ।"

ਸਿਰਫ ਇਕ ਮੂੰਹ ਚੋਂ ਇਹ ਅਵਾਜ਼ ਨਿਕਲੀ। ਬਾਕੀ ਚੁਪ ਛਾ ਗਈ।

"ਅਛਾ ਦਸੋ ਬਦਲ ਦੇਨੇ ਆਂ, ਪੰਡਤ ਜਵਾਹਰ ਲਾਲ ਦੀ ਜਗ੍ਹਾ ਵਡੇ-ਵਜ਼ੀਰ ਦਾ ਨਾਂ ਤਜਵੀਜ਼ ਕਰੋ ਤੇ ਸਰਦਾਰ ਪਟੇਲ ਦੀ ਜਗ੍ਹਾ ਨਿਕੇ ਵਜ਼ੀਰ ਦਾ।"

ਸ: ਮਹੇਸ਼ਰ ਸਿੰਘ ਨੇ ਇਹ ਗਲ ਆਖਦਿਆਂ-ਆਖਦਿਆਂ ਕਈਆਂ ਜਮਾਤਾਂ ਦੇ ਆਗੂਆਂ ਦੇ ਨਾਮ ਵੀ ਲੈ ਲਏ ਤੇ ਉਚੀ ਆਵਾਜ਼ ਵਿਚ ਪੁਛਿਆ, "ਦਸੋ ਇਨ੍ਹਾਂ ਨਾਵਾਂ ਵਿਚੋਂ ਕੇਹੜਾ ਨਾਂ ਤੁਹਾਨੂੰ ਪ੍ਰਵਾਨ ਹੈ?"

ਕੈਂਪ ਦੇ ਤਕਰੀਬਨ ਸਾਰੇ ਹੀ ਮੁਖੀ ਮੁਖੀ ਆਗੂ ਬਰਾਂਡੇ ਵਿਚ ਖੜੇ ਸੁਣ ਰਹੇ ਸਨ। ਹਵਾ ਵਿਚ ਕੁਝ ਗੰਭੀਰਤਾ ਜਹੀ ਆ ਗਈ। ਸਾਰੇ ਇਕ ਦੂਜੇ ਦੇ ਮੂੰਹ ਵਲ ਦੇਖਣ ਲਗੇ। ਸ: ਮਹੇਸ਼ਰ ਸਿੰਘ ਨੇ ਕੋਈ ਉਤਰ ਉਡੀਕਣ ਤੋਂ ਬਗੈਰ ਹੀ ਕਹਿਣਾ ਸ਼ੁਰੂ ਕੀਤਾ, "ਮੈਨੂੰ ਇਨਾਂ ਬੀਬੀਆਂ ਦੀਆਂ ਮੰਗਾਂ ਦਾ ਪਤਾ ਹੈ, ਮੈਂ ਪੂਰਾ ਪੂਰਾ ਯਤਨ ਇਨ੍ਹਾਂ ਦੇ ਮਨਵਾਉਣ ਦਾ ਕਰਾਂਗਾ, ਮੇਰੇ ਆਖੇ ਲਗ ਕੇ ਮੇਰੀ ਜ਼ਿਮੇਵਾਰੀ ਤੇ ਹੜਤਾਲ ਛਡ ਦਿਓ।"

"ਸਰਕਾਰ ਦਾ ਏਜੰਟ ਹੈ।"

"ਬਿਲਕੁਲ ਉਨ੍ਹਾਂ ਦਾ ਭੇਜਿਆ ਆਇਆ ਹੈ।"

"ਪਰ ਇਸ ਮਾੜੀ ਕੇਹੜੀ ਗਲ ਆਖੀ ਹੈ?"

"ਨਹੀਂ ਨਹੀਂ ਤੁਸੀਂ ਨਹੀਂ ਜਾਣਦੇ ਅੰਦਰ ਦੀਆਂ ਗਲਾਂ।"

"ਦਿਲੀ ਵਾਲੇ ਨਹੀਂ ਚਾਹੁੰਦੇ ਸ਼ਰਨਾਰਥੀ ਇਥੇ ਰਹਿਣ।"

"ਇਹ ਤਾਂ ਦਿਲੀ ਦਾ ਨਹੀਂ।"

"ਉਨ੍ਹਾਂ ਦਾ ਹੀ ਯਾਰ ਹੋਵੇਗਾ।"

"ਨਹੀਂ, ਨਹੀਂ, ਭੁਖ ਹੜਤਾਲਣਾਂ ਵਿਚ ਵੀ ਕਈ ਕਮਜ਼ੋਰ ਪੈ ਗਈਆਂ ਹਨ। ਜੇ ਉਨ੍ਹਾਂ ਆਪਣੇ ਆਪ ਭੁਖ ਹੜਤਾਲ ਛਡ ਦਿਤੀ ਤਾਂ ਹੋਰ ਵੀ ਬਦਨਾਮੀ ਹੋਵੇਗੀ।"

"ਠੀਕ ਠੀਕ, ਮੈਂ ਵੀ ਸੁਣਿਆਂ ਹੈ, ਮਹੇਸ਼ਰ ਸਿੰਘ ਦੀ ਮਰਜ਼ੀ ਹੈ ਕਿ ਭੁਖ ਹੜਤਾਲਣਾਂ ਦੀ ਵੀ ਬਦਨਾਮੀ ਨਾ ਹੋਵੇ।"

"ਜੇ ਅਕਲ ਕਰਨ ਤਾਂ ਇਸਦੀ ਗਲ ਮੰਨ ਜਾਣ।"

"ਰਬ ਨਾ ਕਰੇ ਜੇ ਕੋਈ ਭੁਖ ਹੜਤਾਲਣ ਮਰ ਗਈ ਤਾਂ ਹੋਰ ਵੀ ਕੰਮ ਖਰਾਬ ਹੋਵੇਗਾ।"

"ਹਾਂ ਹਾਂ, ਜੇ ਕੋਈ ਬੱਚਿਆਂ ਵਾਲੀ ਮਰ ਗਈ ਤਾਂ ਉਸ ਦੇ ਬੱਚੇ ਹੋਰ ਵੀ ਰੁਲ ਜਾਣਗੇ।"

"ਸ: ਮਹੇਸ਼ਰ ਸਿੰਘ ਦੇ ਪੁਛਣ ਤੇ ਕਿ ਤੁਹਾਡੀ ਮੰਗ ਕੀ ਏ, ਜਿਸ ਬੰਦੇ ਨੇ ਉਚੀ ਸਾਰੀ ਕਿਹਾ, 'ਇਸ ਸਰਕਾਰ ਨੂੰ ਬਦਲ ਦਿਓ' ਉਹ ਕੋਈ ਬੜਾ ਸ਼ਰਾਰਤੀ ਆਦਮੀ ਹੈ, ਪਰ ਪਿਛੋਂ ਉਹ ਨਜ਼ਰੀ ਨਹੀਂ ਆਇਆ।"

"ਨਜ਼ਰੀਂ ਕਿਥੋਂ ਆਉਂਦਾ !"

"ਸ: ਮਹੇਸ਼ਰ ਸਿੰਘ ਦੀ ਗਲ ਦਾ ਕਿਸੇ ਪਾਸ ਜਵਾਬ ਕੀ ਸੀ?"

"ਅਸਲ ਵਿਚ ਉਸ ਆਦਮੀ ਇਹ ਆਖ ਕੇ ਕਿ ਸਰਕਾਰ ਨੂੰ ਬਦਲ ਦਿਓ, ਸਾਰਾ ਕੰਮ ਖਰਾਬ ਕਰ ਦਿਤਾ ਹੈ।"

"ਹਾਂ ਹਾਂ, ਚਾਹੀਦਾ ਇਹ ਸੀ ਕਿ ਆਪਣੀਆਂ ਅਸਲੀ ਮੰਗਾਂ ਦਸੀਆਂ ਜਾਂਦੀਆਂ।"

"ਮੰਗਾਂ ਤਾਂ ਇਹ ਹਨ ਕਿ ਇਨ੍ਹਾਂ ਵਿਧਵਾ ਜ਼ਨਾਨੀਆਂ ਦਾ ਜਿਨ੍ਹਾਂ ਦਾ ਕਮਾਉਣ ਵਾਲਾ ਕੋਈ ਨਹੀਂ ਰਾਸ਼ਨ ਬੰਦ ਨਾ ਕੀਤਾ ਜਾਵੇ। ਜੇ ਕੀਤਾ ਜਾਵੇ ਤਾਂ ਇਨ੍ਹਾਂ ਲਈ ਕੰਮ ਦੇ ਸੈਂਟਰ ਖੋਲ੍ਹੇ ਜਾਣ, ਬੱਚਿਆਂ ਦੀ ਵਿਦਿਆ ਦਾ ਪ੍ਰਬੰਧ ਕੀਤਾ ਜਾਵੇ, ਇਨ੍ਹਾਂ ਨੂੰ ਆਪਣੇ ਦੂਰ ਨੇੜੇ ਦੇ ਸਬੰਧੀਆਂ ਨਾਲੋਂ ਨਖੇੜ ਕੇ ਵਖਰੇ ਥਾਂਵਾਂ ਤੇ ਨਾ ਭੇਜਿਆ ਜਾਵੇ, ਆਦਿ।"

"ਸਾਰੇ ਲੋਕ ਰੋਣੇ ਵਿਚ ਅਸਲੀ ਮਤਲਬ ਹੀ ਗਵਾ ਦੇਂਦੇ ਹਨ।"

"ਮੰਗ ਕੋਈ ਅਯੋਗ ਨਹੀਂ। ਸਰਕਾਰ ਨਾ ਮੰਨੇ ਤਾਂ ਉਸਦੀ

ਗਲਤੀ।"

ਜਿਤਨੇ ਮੂੰਹ ਉਤਨੀਆਂ ਗਲਾਂ।

ਲੋਕ ਖਿੰਡਦੇ ਗਏ, ਕੈਂਪ ਦੇ ਲੀਡਰ ਦਫ਼ਤਰ ਵਿਚ ਇਕੱਠੇ ਹੋਏ।

ਥੋੜੀ ਦੇਰ ਪਿਛੋਂ ਉਸ ਬਰਾਂਡੇ ਵਿਚ ਫਿਰ ਇਕ ਚੰਗਾ ਤਕੜਾ ਇਕੱਠ ਹੋ ਗਿਆ, ਖਿੰਡੇ ਪੁੰਡੇ ਲੋਕ ਜਮ੍ਹਾਂ ਹੋ ਗਏ।

ਸ: ਮਹੇਸ਼ਰ ਸਿੰਘ ਨੇ ਰਬ ਰਜਾਈ ਦੇ ਮੂੰਹ ਵਿਚ ਸੰਗਤਰੇ ਦੀ ਫਾੜੀ ਪਾਈ ਤੇ ਉਸ ਨੇ ਲੰਮੇਂ ਪਿਆਂ ਹੀ ਉਸ ਦੇ ਗਲ ਵਿਚ ਇਕ ਫੁਲਾਂ ਦਾ ਹਾਰ। ਇਹ ਸੋਹਲ ਤੇ ਨਾਜ਼ਕ ਫੁਲਾਂ ਦਾ ਹਾਰ ਨਹੀਂ, ਮਣਾਂ ਮੂੰਹੀ ਭਾਰ ਸੀ, ਜਿਸ ਨੂੰ ਉਠਾਈ ਬੜਾ ਅਰਸਾ ਪਿਛੋਂ ਤਕ ਕੈਂਪ ਦੇ ਆਲੇ ਦਵਾਲੇ ਤੇ ਮੁੜ ਵਸਾਊ ਮਹਿਕਮੇਂ ਦੇ ਦਫ਼ਤਰ ਦੇ ਇਰਦ ਗਿਰਦ ਘੁੰਮਦਿਆਂ ਸ: ਮਹੇਸ਼ਰ ਨੂੰ ਲੋਕ ਵੇਖਦੇ ਰਹੇ।

*